ਫਿਲਮ ਰਿਵੀਊਃ

# ਅੱਮੂ

ਇਸ ਸਾਲ ਦੇ ਸ਼ੁਰੂ ਵਿਚ  ਹਿੰਦੁਸਤਾਨ ਵਿਚ  ਸ਼ੋਨਾਲੀ ਬੋਸ ਦੀ ਅੰਗਰੇਜ਼ੀ ਫਿਲਮ ਅੱਮੂ ਰਿਲੀਜ਼ ਹੋਈ। ਅਖ਼ਬਾਰਾਂ ਅਤੇ ਹੋਰ ਮੀਡੀਆ ਵਿਚ ਇਸ ਫਿਲਮ ਦੀ ਕਾਫੀ ਚਰਚਾ ਰਹੀ ਹੈ। 12 ਜੁਲਾਈ ਨੂੰ ਨੈਸ਼ਨਲ ਫਿਲਮ ਫੈਸਟੀਵਲ ਵਿਚ ਇਸ ਨੂੰ ਹਿੰਦੁਸਤਾਨ ਵਿਚ ਬਣੀ ਅੰਗ੍ਰੇਜ਼ੀ ਦੀ ਸਭ ਤੋਂ ਵਧੀਆ ਫਿਲਮ ਹੋਣ ਦਾ ਇਨਾਮ ਦਿਤਾ ਗਿਆ ਹੈ। ਇਸ ਤੋਂ ਪਹਿਲਾਂ ਮੁੰਬਈ ਵਿਚ ਹੋਏ ਇਕ ਫਿਲਮੀ ਮੇਲੇ ਵਿਚ ਇਸ ਫਿਲਮ ਨੂੰ ਆਲੋਚਕਾਂ ਦਾ ਅਵਾਰਡ ਵੀ ਮਿਲਿਆ ਹੈ। ਇਹ ਫਿਲਮ ਬਰਲਿਨ ਫਿਲਮੀ ਮੇਲੇ ਵਿਚ ਵੀ ਦਿਖਾਈ ਗਈ ਸੀ ਅਤੇ ਦਸਿਆ ਜਾਂਦਾ ਹੈ ਕਿ ਹੁਣੇ ਜਿਹੇ ਇਹ ਉਤਰੀ ਅਮਰੀਕਾ ਅਤੇ ਹੋਰ ਪੱਛਮੀ ਮੁਲਕਾਂ ਵਿਚ ਵੀ ਰਿਲੀਜ਼ ਕੀਤੀ ਗਈ ਹੈ।

ਦਿੱਲੀ ਵਿਚ ਹੋਏ 1984 ਦੇ ਸਿਖਾਂ ਦੇ ਕਤਲੇਆਮ ਬਾਰੇ ਬਣਾਈ ਗਈ ਇਹ ਫਿਲਮ ਅਮਰੀਕਾ ਵਿਚ ਰਹਿੰਦੀ ਇਕ ਕੁੜੀ ਕਾਜੂ ਦੇ ਹਿੰਦੁਸਤਾਨ ਦੇ ਸਫ਼ਰ ਦੀ ਕਹਾਣੀ ਹੈ। ਕਾਜੂ, ਹਿੰਦੁਸਤਾਨ ਵਿਚ ਜੰਮੀ ਹੋਈ ਇਕ ਕੁੜੀ ਹੈ ਜਿਹਨੂੰ ਬਹੁਤ ਹੀ ਛੋਟੀ ਉਮਰ ਵਿਚ ਕੀਯਾ ਨਾਮ ਦੀ ਇਕ ਔਰਤ ਗੋਦ ਲੈ ਕੇ ਅਮਰੀਕਾ ਦੇ ਸ਼ਹਿਰ ਲਾਸ ਐਂਜਲਿਸ ਲੈ ਗਈ ਸੀ ਅਤੇ ਕਾਜੂ ਦਾ ਪਾਲਣ ਪੋਸ਼ਣ ਉਹਨੇ ਉਥੇ ਹੀ ਕੀਤਾ। ਆਪਣੇ ਅਸਲੀ ਮਾਂ ਬਾਪ ਨੂੰ ਲੱਭਣ ਲਈ ਕਾਜੂ ਲਾਸ ਐਂਜਲਿਸ ਤੋਂ ਹਿੰਦੁਸਤਾਨ ਆਉਂਦੀ ਹੈ ਤੇ ਦਿੱਲੀ ਵਿਚ ਆਪਣੇ ਮਾਮੇ ਮਾਮੀ ਦੇ ਘਰ ਠਹਿਰੀ ਹੋਈ ਹੈ। ਉਹ ਆਪਣੇ ਮਾਂ-ਬਾਪ ਦੇ ਬਾਰੇ ਪਤਾ ਕਰਨ ਦੀ ਕੋਸ਼ਿਸ਼ ਕਰਦੀ ਹੈ ਅਤੇ ਉਨ੍ਹਾਂ ਦੇ ਨਾਲ ਉਹ ਉਸ ਪਿੰਡ ਜਾਂਦੀ ਹੈ ਜਿੱਥੇ, ਉਹਨੂੰ ਦਸਿਆ ਗਿਆ ਸੀ, ਕਦੇ ਉਸ ਦੇ ਮਾਂ ਬਾਪ ਰਹਿੰਦੇ ਹੁੰਦੇ ਸਨ ਤੇ ਜਿਨ੍ਹਾਂ ਦੀ ਮੌਤ ਉਥੇ ਪਈ ਮਲੇਰੀਏ ਦੀ ਮਹਾਂਮਾਰੀ ਵਿਚ ਹੋ ਗਈ ਸੀ। ਉਹ ਉਸ ਪਿੰਡ ਵਿਚ ਜਾਂਦੀ ਤਾਂ ਹੈ ਲੇਕਿਨ ਉਹਨੂੰ ਆਪਣੇ ਬਚਪਨ ਜਾਂ ਮਾਂ-ਬਾਪ ਬਾਰੇ ਕੁਝ ਵੀ ਯਾਦ ਨਹੀਂ ਆਉਂਦਾ ਤੇ ਉਹ ਵਾਪਸ ਦਿੱਲੀ ਆ ਜਾਂਦੀ ਹੈ।

ਇਕ ਦਿਨ ਉਹ ਆਪਣੀ ਮੂੰਹ-ਬੋਲੀ ਮਾਂ ਕੀਯਾ ਰਾਏ ਦੇ ਕਾਲਜ **ਮਿਰਾਂਦਾ ਹਾਊਸ** ਵਿਚ ਜਾਂਦੀ ਹੈ ਤਾਂ ਉਥੇ ਇਕ ਢਾਬੇ ਉੱਤੇ ਉਹ ਆਪਣੇ ਮਾਮੇ ਦੀ ਕੁੜੀ ਦੇ ਦੋਸਤਾਂ ਨੂੰ ਮਿਲਦੀ ਹੈ ਜਿਥੇ ਉਹਦੀ ਮੁਲਾਕਾਤ ਢਾਬੇ ਦੇ ਮਾਲਕ ਗੋਬਿੰਦ ਨਾਲ ਹੋ ਜਾਂਦੀ ਹੈ। ਗੋਬਿੰਦ  ਉਹਦਾ ਕੈਮਰਾ ਵੇਖ ਆਪਣੀ ਅਦਾਕਾਰੀ ਦੇ ਜੌਹਰ ਵਿਖਾਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਕਾਜੂ ਨੂੰ ਆਪਣੇ ਘਰ ਆਉਣ ਦੀ ਦਾਅਵਤ ਵੀ ਦਿੰਦਾ ਹੈ। ਗੋਬਿੰਦ ਇਕ ਬਹੁਤ ਹੀ ਗਰੀਬ ਇਲਾਕੇ `ਸੰਜੈ ਕਾਲੋਨੀ` ਵਿਚ ਰਹਿੰਦਾ ਹੈ ਜਿਹਦੀਆਂ ਗਲੀਆਂ ਬਹੁਤ ਹੀ ਭੀੜੀਆਂ ਹਨ। ਕਬੀਰ, ਜੋ ਇਕ ਵੱਡੇ ਆਈ.ਏ.ਐਸ. ਅਫਸਰ ਦਾ ਪੁੱਤ ਹੈ, ਕਾਜੂ ਨੂੰ ਗੋਬਿੰਦ ਦੇ ਘਰ ਲੈ ਜਾਣ  ਲਈ ਰਾਜ਼ੀ ਹੋ ਜਾਂਦਾ ਹੈ।

ਕਬੀਰ ਅਤੇ ਕਾਜੂ ਛੁੱਟੀ ਵਾਲੇ ਦਿਨ ਉੱਥੇ ਜਾਂਦੇ ਹਨ ਅਤੇ ਗੋਬਿੰਦ ਦੇ ਪਰਿਵਾਰ ਨੂੰ ਮਿਲਦੇ ਹਨ। ਗੋਬਿੰਦ ਦੀ ਘਰਵਾਲੀ ਅਤੇ ਬੱਚੇ ਉਨ੍ਹਾਂ ਨੂੰ ਬਹੁਤ ਪਿਆਰ ਨਾਲ ਮਿਲਦੇ ਹਨ। ਕਾਜੂ ਨੂੰ ਇੰਜ ਲਗਦਾ ਹੈ ਜਿਵੇਂ ਉਹ ਇਸ ਜਗ੍ਹਾ ਨੂੰ ਪਛਾਣਦੀ ਹੋਵੇ ਪਰ ਯਾਦ ਕੁਝ ਨਹੀਂ ਆਉਂਦਾ। ਉਹ ਯਾਦ ਕਰਨ ਦੀ ਬੜੀ ਕੋਸ਼ਿਸ਼ ਕਰਦੀ ਹੈ ਪਰ ਨਾਕਾਮ ਰਹਿੰਦੀ ਹੈ। ਉਹ ਕਬੀਰ ਨੂੰ ਆਪਣੇ ਅਫ਼ਸਰ ਬਾਪ ਕੋਲੋਂ 1985 ਵਿਚ ਮਲੇਰੀਏ ਦੀ ਮਹਾਂਮਾਰੀ ਚ` ਆਪਣੇ ਪਿੰਡ ਵਿਚ ਮਰੇ ਲੋਕਾਂ ਬਾਰੇ ਪਤਾ ਕਰਨ ਲਈ ਕਹਿੰਦੀ ਹੈ।

ਕਬੀਰ ਅਤੇ ਕਾਜੂ ਇਕ ਬਾਰ ਫਿਰ ਗੋਬਿੰਦ ਦੇ ਘਰ ਜਾਂਦੇ ਹਨ ਅਤੇ ਉਥੋਂ ਉਹ ਉਹਦੇ ਚਾਚੇ ਦੇ ਘਰ ਜਾਂਦੇ ਹਨ। ਕਬੀਰ ਉਹਦੇ ਚਾਚੇ ਤੋਂ ਪੁੱਛਦਾ ਹੈ ਕਿ ਉਹ ਇਕੱਠੇ ਕਿਉਂ ਨਹੀਂ ਰਹਿੰਦੇ ਤਾਂ ਉਹ ਜਵਾਬ ਦਿੰਦਾ ਹੈ ਕਿ 84 ਤੀਕ ਤਾਂ ਸਭ ਇਕੱਠੇ ਹੀ ਰਹਿੰਦੇ ਸੀ ਪਰ 84 ਦੇ ਫਸਾਦਾਂ ਬਾਅਦ ਉਹ ਵੱਖਰੇ ਵੱਖਰੇ ਰਹਿਣ ਲਗ ਪਏ ਹਨ। ਗੋਬਿੰਦ ਦਾ ਚਾਚਾ ਦੱਸਦਾ ਹੈ ਕਿ ਕਿਸ ਤਰਾਂ ਇਕ ਬੜੀ ਵਿਉਂਤਬੰਦੀ ਨਾਲ ਸਿੱਖਾਂ ਦੇ ਜਾਨ ਮਾਲ ਉੱਤੇ ਹਮਲੇ ਕੀਤੇ ਗਏ ਸੀ। ਕਬੀਰ ਅਤੇ ਕਾਜੂ ਦੋਨੋ ਹੀ 84 ਦੇ ਫਿਰਕੂ ਹਮਲਿਆਂ ਬਾਰੇ ਸੁਣਕੇ ਹੈਰਾਨ ਹੁੰਦੇ ਹਨ ਅਤੇ ਉਨ੍ਹਾਂ ਨੂੰ ਇਸ ਗੱਲ ਤੇ ਗੁੱਸਾ ਵੀ ਬੜਾ ਆਉਂਦਾ ਹੈ।

ਕਬੀਰ ਆਪਣੇ ਬਾਪ ਨੂੰ ਮਲੇਰੀਏ ਦੀ ਮਹਾਂਮਾਰੀ ਬਾਰੇ ਪਤਾ ਕਰਨ ਨੂੰ ਕਹਿੰਦਾ ਹੈ ਅਤੇ ਉਸ ਤੋਂ 1984 ਦੇ ਫਸਾਦਾਂ ਦੀ ਅਸਲੀਅਤ ਬਾਰੇ ਪੁੱਛਦਾ ਹੈ। ਪਰ ਉਸ ਦਾ ਬਾਪ ਉਸ ਨੂੰ ਟਾਲ ਦਿੰਦਾ ਹੈ ਤੇ ਕਹਿੰਦਾ ਹੈ ਕਿ ਭੈੜੀਆਂ ਗੱਲਾਂ ਬਾਰੇ ਸੋਚਣ ਦਾ ਕੋਈ ਫਾਇਦਾ ਨਹੀਂ। ਕਬੀਰ ਦਾ ਬਾਪ ਉਹਨੂੰ ਦੱਸਦਾ ਹੈ ਕਿ 1985 ਵਿਚ ਉਸ ਪਿੰਡ ਵਿਚ ਕੋਈ ਵੀ ਮਹਾਂਮਾਰੀ ਨਹੀਂ ਸੀ ਫੈਲੀ।

ਇਸੇ ਦੌਰਾਨ ਕਾਜੂ ਦੀ ਮਾਂ, ਕੀਯਾ ਵੀ ਅਮਰੀਕਾ ਤੋਂ ਦਿੱਲੀ ਆ ਜਾਂਦੀ ਹੈ। ਕਾਜੂ ਉਸ ਤੋਂ ਅਸਲੀਅਤ ਪਤਾ ਕਰਨਾ ਚਾਹੁੰਦੀ ਹੈ ਕਿ ਉਸ ਦੇ ਮਾਂ-ਬਾਪ ਕੌਣ ਸਨ ਪਰ ਕੀਯਾ ਕੁਝ ਵੀ ਨਹੀਂ ਦੱਸਦੀ। ਉਹ ਉਸ ਨੂੰ ਉਹੀ ਗੱਲ ਕਹਿੰਦੀ ਰਹਿੰਦੀ ਹੈ ਕਿ ਉਹਦੇ ਮਾਂ-ਬਾਪ ਤਾਂ ਮਲੇਰੀਏ ਦੀ ਮਹਾਂਮਾਰੀ ਵਿਚ ਮਾਰੇ ਗਏ ਸਨ। ਇਕ ਦਿਨ ਕਾਜੂ ਆਪਣੀ ਮਾਂ ਦੇ ਪੁਰਾਣੇ ਸੰਦੂਕ ਨੂੰ ਫੋਲਦੀ ਹੈ ਤਾਂ ਉਹਨੂੰ ਇਕ ਮੌਤ ਦਾ ਸਰਟੀਫੀਕੇਟ ਲੱਭਦਾ ਹੈ ਜੋ ਹੈ ਤਾਂ ਉਸ ਦੀ ਮਾਂ ਦਾ ਹੀ ਪਰ ਨਾਂ ਸਾਫ ਨਹੀਂ ਸੀ ਲਿਖਿਆ ਹੋਇਆ। ਉਹਨੂੰ ਪਤਾ ਲਗਦਾ ਹੈ ਕਿ ਉਹਦੀ ਮਾਂ ਵੀ ਸੰਜੈ ਕਲੋਨੀ ਦੇ ਗੋਬਿੰਦ ਵਾਲੇ ਮਹੱਲੇ ਵਿਚ ਹੀ ਰਹਿੰਦੀ ਸੀ। ਪਰ ਕਿਉਂਕਿ ਸਰਟੀਫੀਕੇਟ ਤੇ ਨਾਮ ਸਾਫ ਨਹੀਂ ਇਸ ਲਈ ਉਹ ਕਈ ਤਰ੍ਹਾਂ ਦੇ ਕਿਆਫ਼ੇ ਲਾਉਂਦੇ ਹਨ।

ਕਬੀਰ, ਗੋਬਿੰਦ ਅਤੇ ਕਾਜੂ ਉਸ ਮਹੱਲੇ ਦੇ ਇਕ ਬਦਮਾਸ਼ ਨੂੰ ਵੀ ਮਿਲਦੇ ਹਨ ਕਿਉਂਕਿ ਕਾਜੂ ਸੋਚਦੀ ਸੀ ਕਿ ਸ਼ਾਇਦ ਉਹ ਉਸ ਦਾ ਬਾਪ ਹੀ ਹੋਵੇ। ਇਹ ਗੁੰਡਾ ਉਨ੍ਹਾਂ ਨੂੰ ਕਹਿੰਦਾ ਹੈ ਕਿ 84 ਦੇ ਕਤਲੇਆਮ ਵਿਚ ਸਭ ਕੁਝ ਵੱਡੇ ਵੱਡੇ ਅਫਸਰਾਂ ਨੇ ਆਪ ਕਰਾਇਆ ਸੀ ਪਰ ਉਨ੍ਹਾਂ ਨੂੰ ਕੋਈ ਕੁਝ ਨਹੀਂ ਪੁੱਛਦਾ। ਉਹ ਕਹਿੰਦਾ ਹੈ ਕਿ ਅਸੀਂ ਤਾ ਸਿਰਫ਼ ਉਪਰੋਂ ਆਏ ਹੁਕਮ ਹੀ ਪੂਰੇ ਕਰ ਰਹੇ ਸੀ, ਕੋਈ ਉਨ੍ਹਾਂ ਨੂੰ ਕਿਉਂ ਨਹੀਂ ਪੁੱਛਦਾ ਜਿਨ੍ਹਾਂ ਨੇ ਮਿੱਟੀ ਦਾ ਤੇਲ ਦਿੱਤਾ ਸੀ ਅਤੇ ਵੋਟਰ ਲਿਸਟਾਂ ਦਿੱਤੀਆਂ ਸਨ?

ਆਪਣੀ ਮਾਂ ਦੀ ਭਾਲ ਵਿਚ ਉਹ ਦੂਸਰੇ ਮਹੱਲਿਆਂ ਵਿਚ ਵੀ ਜਾਂਦੀ ਹੈ ਜਿਥੇ 1984 ਦੇ ਕਤਲੇਆਮ ਵਿਚ ਵਿਧਵਾ ਹੋਈਆਂ ਔਰਤਾਂ ਆਪਣੀਆਂ ਹਿਰਦੇਵੇਧਕ ਕਹਾਣੀਆਂ ਦੱਸਦੀਆਂ ਹਨ ਅਤੇ ਇਹ ਵੀ ਦੱਸਦੀਆਂ ਹਨ ਕਿ 20 ਸਾਲ ਹੋ ਗਏ ਹਨ ਅਤੇ ਹਾਲੇ ਤੱਕ ਕਿਸੇ ਅਪਰਾਧੀ ਨੂੰ ਕੋਈ ਸਜ਼ਾ ਨਹੀਂ ਮਿਲੀ, ਕੋਈ ਇਨਸਾਫ ਨਹੀਂ ਮਿਲਿਆ।

ਕਾਜੂ ਇਕ ਦਿਨ ਸ਼ਾਮ ਨੂੰ ਉਸ ਗੁੰਡੇ ਨੂੰ ਮਿਲਣ ਜਾਂਦੀ ਹੈ ਜਿਹਨੂੰ ਉਹ ਆਪਣਾ ਬਾਪ ਸਮਝਦੀ ਹੈ। ਉਸ ਦੀ ਮਾਂ, ਕੀਯਾ, ਨੂੰ ਜਦੋਂ ਪਤਾ ਲਗਦਾ ਹੈ ਤਾਂ ਉਹ ਕਾਰ ਚ` ਜਾ ਕੇ ਉਸ ਨੂੰ ਵਾਪਸ ਲੈ ਆਉਂਦੀ ਹੈ ਅਤੇ ਸਾਰੀ ਅਸਲੀਅਤ ਦੱਸਦੀ ਹੈ ਕਿ ਉਹ ਗੁੰਡਾ ਕਾਜੂ ਦਾ ਬਾਪ ਨਹੀਂ, ਉਸ ਦਾ ਬਾਪ ਤਾਂ 84 ਦੇ ਕਤਲੇਆਮ ਵਿਚ ਮਾਰਿਆ ਗਿਆ ਸੀ ਅਤੇ ਉਸ ਦਾ ਇਕ ਭਰਾ ਅਰਜਨ ਵੀ ਸੀ ਜੋ ਦੰਗਿਆਂ ਵਿਚ ਮਾਰ ਦਿਤਾ ਗਿਆ ਸੀ। ਕੀਯਾ ਕਾਜੂ ਨੂੰ ਦੱਸਦੀ ਹੈ ਕਿ ਉਹਦੀ ਮਾਂ ਦਾ ਨਾਂ ਸ਼ੱਨੋ ਸੀ ਜਿਸ ਨੂੰ ਉਹ ਰਿਫੀਊਜੀ ਕੈਂਪ ਵਿਚ ਮਿਲੀ ਸੀ ਅਤੇ ਕਾਜੂ ਦਾ ਅਸਲੀ ਨਾਂ ਵੀ ਅੱਮੂ ਸੀ। ਉਸ ਦੀ ਮਾਂ ਨੇ ਹਾਲਾਤ ਤੋਂ ਪਰੇਸ਼ਾਨ ਹੋਕੇ ਖ਼ੁਦਕਸ਼ੀ ਕਰ ਲਈ ਸੀ ਆਪਣੇ ਆਖ਼ਰੀ ਖ਼ਤ ਵਿਚ ਅੱਮੂ ਨੂੰ ਕੀਯਾ ਦੇ ਹਵਾਲੇ ਕਰ ਗਈ ਸੀ। ਕੀਯਾ ਅਤੇ ਅੱਮੂ ਇਕ ਦੂਜੇ ਨੂੰ ਜੱਫੀ ਵਿਚ ਲੈ ਲੈਂਦੀਆਂ ਹਨ ਅਤੇ ਰੋਂਦੀਆਂ ਹਨ।

ਆਖੀਰ ਵਿਚ ਕਬੀਰ ਅਤੇ ਅੱਮੂ ਉਸ ਮਹੱਲੇ ਵਿਚ ਵਾਪਿਸ ਜਾਂਦੇ ਹਨ ਅਤੇ ਗੱਡੀ ਦੀ ਪਟੜੀ ਤੇ ਤੁਰਦੇ ਵਿਖਾਏ ਗਏ ਹਨ ਜਦ ਨੂੰ ਗੁਜਰਾਤ ਦੇ ਕਤਲਾਮ ਦੀ ਖ਼ਬਰ ਟੈਲੀਵੀਜ਼ਨ ਉਪਰ ਦਿਸਦੀ ਹੈ। ਅੱਮੂ ਅਤੇ ਕਬੀਰ ਪਟੜੀ ਤੇ ਤੁਰਦੇ ਰਹਿੰਦੇ ਹਨ ਅਤੇ ਪਿਛੇ ਮੁੜ ਕੇ ਵੀ ਨਹੀਂ ਦੇਖਦੇ। ਇਸ ਦ੍ਰਿਸ਼ ਨਾਲ ਫਿਲਮ ਖ਼ਤਮ ਹੋ ਜਾਂਦੀ ਹੈ।

ਫਿਲਮ ਵਿਚ ਕੀਯਾ ਦੇ ਰੋਲ ਵਿਚ ਬਰਿੰਦਾ ਕਰਾਤ ਨੇ ਬਹੁਤ ਹੀ ਵਧੀਆ ਅਦਾਕਾਰੀ ਕੀਤੀ ਹੈ। ਬਾਕੀ ਕਿਰਦਾਰਾਂ ਨੇ ਵੀ ਚੰਗੀ ਅਦਾਕਾਰੀ ਕੀਤੀ ਹੈ। ਨੰਦ ਲਾਲ ਨਾਇਕ ਦਾ ਸੰਵੇਦਨਸ਼ੀਲ ਸੰਗੀਤ ਬਹੁਤ ਹੀ ਢੁਕਵਾਂ ਹੈ। ਫਿਲਮ ਤਕਨੀਕ ਅਤੇ ਪੇਸ਼ਕਾਰੀ ਵੀ ਠੀਕ ਹੈ ਪਰ ਪੱਟ ਕਥਾ ਕੁਝ ਕਮਜ਼ੋਰ ਹੈ।

ਹਿੰਦੁਸਤਾਨੀ ਕਲਾ ਸਿਧਾਂਤ ਮੁਤਾਬਿਕ ਕਲਾ ਨੂੰ ਪੰਜਵਾਂ ਵੇਦ ਦਸਿਆ ਗਿਆ ਹੈ। ਇਹ ਲੋਕਾਂ ਦਾ ਰਾਹ ਰੌਸ਼ਨ ਕਰਦੀ ਹੈ। ਕਿਸੇ ਕਲਾ ਕਿਰਤ ਨੂੰ ਤਦ ਹੀ ਵਧੀਆ ਕਿਹਾ ਜਾ ਸਕਦਾ ਹੈ ਜੇ ਉਸ ਵਿਚ ਤਿੰਨ ਗੁਣ ਜ਼ਰੂਰ ਹੋਣ ਸਤਿਅਮ, ਸ਼ਿਵਮ ਅਤੇ ਸੁੰਦਰਮ। ਸਤਿਅਮ ਦਾ ਮਤਲਬ ਹੈ ਕਿ ਕਲਾ ਕਿਰਤ ਹਾਲਾਤ ਦਾ ਸਹੀ ਚਿਤਰਣ ਕਰਦੀ ਹੋਵੇ ਅਤੇ ਸੱਚ ਨੂੰ ਉਜਾਗਰ ਕਰਦੀ ਹੋਵੇ। ਹਾਲਾਤ ਨੂੰ ਸਹੀ ਸਹੀ ਦਰਸਾਉਣ ਨਾਲ ਹੀ ਕੋਈ ਕਲਾ ਕਿਰਤ ਸ਼ਿਵਮ ਜਾਂ ਕਲਿਆਣ ਦਾ ਰਾਹ ਵਿਖਾਲਦੀ ਹੈ। ਸੁੰਦਰਮ ਦਾ ਮਤਲਬ ਹੈ ਜਿਸ ਵਿਸ਼ੇ ਨੂੰ ਵੀ ਹੱਥ ਪਾਇਆ ਜਾਵੇ ਉਸ ਦੀ ਪੇਸ਼ਕਾਰੀ ਸੋਹਣੀ ਤਕਨੀਕ, ਸੋਹਣੀ ਅਦਾਕਾਰੀ, ਸੋਹਣੇ ਸੰਵਾਦਾਂ ਅਤੇ ਸੋਹਣੇ ਅਲੰਕਾਰਾਂ ਅਤੇ ਸੁੰਦਰ ਢੰਗ ਨਾਲ ਕੀਤੀ ਗਈ ਹੋਵੇ। ਜਿਸ ਕਲਾ ਕਿਰਤ ਵਿਚ ਇਹ ਸਾਰੀਆਂ ਖ਼ੂਬੀਆਂ ਹੋਣ ਉਹ ਇਕ ਵਧੀਆ ਕਲਾ ਕਿਰਤ ਕਹੀ ਜਾ ਸਕਦੀ ਹੈ।

ਜੇ ਇਸ ਕਸੌਟੀ ਉੱਤੇ `ਅੱਮੂ` ਦੀ ਪਰਖ ਕੀਤੀ ਜਾਵੇ ਤਾਂ ਇਹ ਨਹੀਂ ਕਹਿ ਸਕਦੇ ਕਿ ਇਸ ਵਿਚ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਅਸਲੀਅਤ ਅਤੇ ਹਾਲਾਤ ਦਾ ਪੂਰੇ ਤੌਰ ਤੇ ਸਹੀ ਚਿਤਰਣ ਕੀਤਾ ਗਿਆ ਇਸ ਫਿਲਮ ਵਿਚ ਮਿਲਦਾ ਹੈ। ਫਿਲਮ 1984 ਵਿਚ ਹੋਏ ਸਿੱਖਾਂ ਦੇ ਕਤਲੇਆਮ ਦਾ ਚਿਤਰਣ ਕਰਦੀ ਹੋਈ ਇਹਦਾ ਇਕੋ ਪੱਖ ਹੀ ਵਿਖਾਲਦੀ ਹੈ ਕਿ ਸਿਖਾਂ ਨੂੰ ਕਿਵੇਂ ਭੇਡਾਂ ਬੱਕਰੀਆਂ ਵਾਂਗ ਕਤਲ ਕੀਤਾ ਗਿਆ । ਪਰ ਕਿਤੇ ਵੀ ਇਹ ਨਹੀਂ ਵਿਖਾਇਆ ਗਿਆ ਕਿ ਕਈ ਥਾਈਂ ਲੋਕਾਂ ਨੇ ਵੀ ਇਕੱਠੇ ਹੋਕੇ ਇਸ ਗੁੰਡਾ ਗਰਦੀ ਦਾ ਮੁਕਾਬਲਾ ਕੀਤਾ। ਫਿਲਮ ਵਿਚ ਇਸ ਅਸਲੀਅਤ ਨੂੰ ਬਿਲਕੁਲ ਨਜ਼ਰ ਅੰਦਾਜ਼ ਕਰ ਦਿਤਾ ਗਿਆ ਕਿ ਦਿੱਲੀ ਅਤੇ ਹੋਰਨਾਂ ਥਾਂਵਾਂ ਉੱਤੇ ਆਮ ਲੋਕਾਂ ਨੇ ਜਥੇਬੰਦ ਹੋਕੇ ਇਸ ਗੁੰਡਾਗਰਦੀ ਦਾ ਮੂੰਹ ਤੋੜ ਜਵਾਬ ਦੇਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਸਨ ਅਤੇ ਕਈ ਮਹੱਲਿਆਂ ਵਿਚ ਕੋਈ ਵੀ ਦੁਰਘਟਨਾ ਨਹੀਂ ਸੀ ਹੋਣ ਦਿਤੀ ਮਿਸਾਲ ਦੇ ਤੌਰ ਤੇ **ਨਵੰਬਰ 11, 1984, ਦੇ ਸਟੇਟਸਮੈਨ ਅਖ਼ਬਾਰ ਨੇ ਲਿਖਿਆ ਸੀ**

**`ਲੋਕਾਂ ਨੇ ਲਾਮਬੰਦ ਹੋਕੇ ਗੁੰਡਿਆਂ ਖ਼ਿਲਾਫ਼ ਅਤੇ ਆਪਣੀ ਰਾਖੀ ਲਈ ਗਸ਼ਤ ਸ਼ੁਰੂ ਕੀਤੀ ਹੈ ਅਤੇ ਹਮਲਿਆਂ ਨੂੰ ਰੋਕਿਆ ਹੈ। ਉਹ ਇਹ ਵੀ ਕਹਿੰਦੇ ਹਨ ਕਿ ਪੁਲੀਸ ਕੋਲ ਜਾਣਾ ਖ਼ਤਰਨਾਕ ਹੈ।`**

ਹੋਰਨਾਂ ਅਖ਼ਬਾਰਾਂ ਨੇ ਵੀ ਉਸ ਵੇਲੇ ਬਣੀਆਂ ਇਹੋ ਜਿਹੀਆਂ ਡਿਫੈਂਸ ਕਮੇਟੀਆਂ ਬਾਰੇ ਲਿਖਿਆ ਸੀ ਕਿ ਜਿਸ ਜਿਸ ਮਹੱਲੇ ਵਿਚ ਵੀ ਇਹ ਡਿਫੈਂਸ ਕਮੇਟੀਆਂ ਬਣ ਗਈਆਂ ਸੀ ਉਨ੍ਹਾਂ ਮਹੱਲਿਆਂ ਵਿਚ ਸਿੱਖਾਂ ਤੇ ਹਮਲੇ ਜਾਂ ਤਾਂ ਹੋਏ ਹੀ ਨਹੀਂ ਸਨ ਜਾਂ ਲੋਕਾਂ ਦੇ ਜਥੇਬੰਦ ਹੋਣ ਨਾਲ ਖ਼ਤਮ ਹੋ ਗਏ ਸਨ।

ਹਿੰਦੁਸਤਾਨ ਵਿਚ ਫਿਰਕੂ ਹਮਲਿਆਂ ਦੇ ਇਤਿਹਾਸ ਨੂੰ ਵੇਖੀਏ ਤਾਂ ਪਤਾ ਲਗਦਾ ਹੈ ਕਿ ਫਿਰਕੂ ਹਿੰਸਾ ਨੂੰ ਜਥੇਬੰਦ ਕਰਨ ਵਾਲੇ ਹਰ ਵਾਰੀ ਸਟੇਟ ਅਤੇ ਸਰਕਾਰ ਦੇ ਬੰਦੇ ਹੁੰਦੇ ਹਨ ਤੇ ਉਨ੍ਹਾਂ ਨੂੰ ਰੋਕਣ ਵਾਲੇ ਆਮ ਲੋਕ। ਲੋਕਾਂ ਦੀ ਆਪਣੀ ਹਿੰਮਤ ਅਤੇ ਏਕੇ ਸਦਕਾ ਹੀ ਉਨ੍ਹਾਂ ਦੀ ਥੋੜਾ ਬਹੁਤ ਬਚਾਅ ਵੀ ਹੋ ਜਾਂਦਾ ਰਿਹਾ ਹੈ। ਪਰ `ਅੱਮ੍ਰੂ` ਸੱਚਾਈ ਦਾ ਇਹ ਪੱਖ ਬਿਲਕੁਲ ਹੀ ਨਹੀ ਦਸ ਸਕੀ। ਇਸ ਕਰਕੇ ਇਹ ਫਿਲਮ ਸ਼ਿਵਮ ਜਾਂ ਕਲਿਆਣ ਦਾ ਰਾਹ ਦਰਸਾ ਸਕਣ ਜੋਗੀ ਨਹੀਂ ਹੋ ਸਕੀ। ਇਹ ਸਿਰਫ਼ ਇਹੋ ਦਸ ਸਕੀ ਹੈ ਕਿ ਦਿੱਲੀ ਵਿਚ ਫਿਰਕੂ ਜ਼ੁਲਮ ਅਤੇ ਤਸ਼ੱਦਦ ਸਰਕਾਰ ਨੇ ਹੀ ਜਥੇਬੰਦ ਕੀਤੇ ਸਨ ਤੇ ਲੋਕ ਭੇਡਾਂ ਬੱਕਰੀਆਂ ਵਾਂਗ ਮਾਰ ਦਿਤੇ ਗਏ ਸਨ, ਅਤੇ ਪਿਛਲੇ 20 ਸਾਲਾਂ ਵਿਚ ਭਾਵੇਂ ਕਈ ਪਾਰਟੀਆਂ ਅਤੇ ਸਰਕਾਰਾਂ ਤਾਕਤ ਵਿਚ ਆਈਆਂ ਤੇ ਗਈਆਂ ਪਰ ਕੋਈ ਇਨਸਾਫ ਨਹੀਂ ਮਿਲਿਆ।

ਫਿਰਕੂ ਹਿੰਸਾ ਬਾਰੇ ਪਿਛਲੇ 100 ਸਾਲਾਂ ਤੋਂ ਜ਼ਿਆਦਾ ਸਮੇਂ ਦੇ ਲੋਕਾਂ ਦੇ ਤਜਰਬੇ ਦਾ ਨਿਚੋੜ ਇਹ ਹੈ ਕਿ ਇਹ ਹਮਲੇ ਰਾਜ ਤੰਤਰ ਵਲੋਂ ਲੋਕਾਂ ਵਿਚ ਫੁੱਟ ਅਤੇ ਉਨ੍ਹਾਂ ਨੂੰ ਕੁਰਾਹੇ ਪਾਉਣ ਲਈ ਜਥੇਬੰਦ ਕੀਤੇ ਜਾਂਦੇ ਹਨ ਅਤੇ ਲੋਕ ਹੀ ਆਪਣੀ ਤਾਕਤ ਨਾਲ ਕਿਸੇ ਹੱਦ ਤੱਕ ਇਨ੍ਹਾਂ ਨੂੰ ਰੋਕਦੇ ਹਨ ਅਤੇ ਪੂਰੀ ਤਰ੍ਹਾਂ ਵੀ ਰੋਕ ਸਕਦੇ ਹਨ। ਅੱਮ੍ਰੂ ਇਸ ਸਾਰੀ ਗੱਲ ਨੂੰ ਨਹੀਂ ਕਰ ਸਕੀ ਤੇ ਸੱਚ ਦਾ ਸਿਰਫ਼ ਅੱਧਾ ਹਿੱਸਾ ਹੀ ਪੇਸ਼ ਕਰਦੀ ਹੈ ਕਿ ਫਿਰਕੂ ਦੰਗੇ ਸਟੇਟ ਜਥੇਬੰਦ ਕਰਦੀ ਹੈ ਅਤੇ ਕਸੂਰਵਾਰਾਂ ਨੂੰ ਕਦੇ ਕੋਈ ਸਜ਼ਾ ਨਹੀਂ ਮਿਲਦੀ, ਦੰਗਿਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਕਦੇ ਕੋਈ ਇਨਸਾਫ਼ ਨਹੀਂ ਮਿਲਦਾ। ਇਸ ਹੱਦ ਤੱਕ ਗੱਲ ਬਿਲਕੁਲ ਠੀਕ ਹੈ। ਪਰ ਇਹ ਸਾਰੀ ਗੱਲ ਨਹੀਂ ਦੱਸ ਸਕੀ ਕਿ ਲੋਕਾਂ ਉਪਰ ਇਹ ਹਮਲੇ ਕਿਉਂ ਜਥੇਬੰਦ ਕੀਤੇ ਜਾਂਦੇ ਹਨ ਅਤੇ ਇਸ ਬਿਮਾਰੀ ਦੇ ਹੱਲ ਲਈ ਕੀ ਕੀਤਾ ਜਾਵੇ ਅਤੇ ਕੋਈ ਨਵਾਂ ਰਾਹ ਕਿਵੇਂ ਖੋਲ੍ਹਿਆ ਜਾ ਸਕਦਾ ਹੈ। ਆਪਣੇ ਹੱਕ ਅਤੇ ਇਨਸਾਫ਼ ਹਾਸਲ ਕਰਨ ਲਈ ਲੋਕਾਂ ਨੂੰ ਆਪਣੀ ਤਾਕਤ ਅਤੇ ਜਥੇਬੰਦੀ ਉੱਤੇ ਨਿਰਭਰ ਕਰਨਾ ਹੋਵੇਗਾ, ਅੱਮ੍ਰੂ ਇਹ ਗੱਲ ਨਹੀਂ ਕਹਿ ਸਕੀ ਤੇ ਫ਼ਿਲਮ ਦੀ ਇਹ ਵੱਡੀ ਕਮਜ਼ੋਰੀ ਹੈ। ਹਿੰਦੁਸਤਾਨੀ ਕਲਾ ਦੇ ਸਿਧਾਂਤ ਦੀ ਕਸੌਟੀ ਉੱਤੇ `ਅੱਮ੍ਰੂ` ਖਰੀ ਨਹੀਂ ਉੱਤਰਦੀ। ਇਹਦੇ ਵਿਚ ਕਹੀ ਗਈ ਅੱਧੀ ਗੱਲ ਸੱਚੀ ਤਾਂ ਜ਼ਰੂਰ ਹੈ ਪਰ ਗੱਲ ਸਾਰੀ ਨਹੀਂ ਸਿਰਫ਼ ਅੱਧੀ ਹੀ ਕੀਤੀ ਗਈ ਹੈ ਅਤੇ ਅੱਧੀ ਗੱਲ ਛੁਪਾ ਕੇ ਸੱਚ ਨੂੰ ਸਾਹਮਣੇ ਆਉਣ ਤੋਂ ਰੋਕਿਆ ਗਿਆ ਹੈ। ਹਿੰਦੁਸਤਾਨ ਦੀ ਕਲਾ ਪਰਖ ਦੀ ਰਿਵਾਇਤ ਮੁਤਾਬਿਕ ਅੱਧਾ ਸੱਚ ਆਖ਼ਰ ਝੂਠ ਦੇ ਪਾਸੇ ਹੀ ਭੁਗਤਦਾ ਹੈ। ਪੰਜਾਬੀ ਰਿਵਾਇਤ ਮੁਤਾਬਕ ਵੀ ਅੱਧਾ ਸੱਚ ਛੱਲ ਅਤੇ ਧੋਖਾ ਹੀ ਹੁੰਦਾ ਹੈ।

ਮਾਰਕਸਵਾਦ ਦੇ ਕਲਾ ਸਿਧਾਂਤ ਦੀ ਕਸੌਟੀ ਤੇ ਵੀ ਇਹ ਫਿਲਮ ਖਰੀ ਸਾਬਤ ਨਹੀਂ ਹੁੰਦੀ। ਮਾਰਕਸਵਾਦ ਦੇ ਕਲਾ ਦੇ ਸਿਧਾਂਤ ਮੁਤਾਬਿਕ ਅਸਲੀਅਤ ਦਾ ਨਿਰਨਾ ਅੱਗੇ ਦਾ ਰਾਹ ਖੋਲ੍ਹਣ ਲਈ ਕੀਤਾ ਜਾਂਦਾ ਹੈ। ਮਾਰਕਸ ਨੇ ਫਾਰਬਾਕ ਦੇ 12ਵੇਂ ਥੀਸਿਸ ਵਿਚ ਕਿਹਾ ਸੀ ਕਿ ਫਲਾਸਫਰਾਂ ਨੇ ਇਸ ਦੁਨੀਆ ਦੀ ਵਿਆਖਿਆ ਤਾਂ ਕਈ ਤਰਾਂ ਦੀ ਕੀਤੀ ਹੈ ਪਰ ਅਸਲੀ ਮਸਲਾ ਇਸ ਦੁਨੀਆ ਨੂੰ ਬਦਲਣ ਦਾ ਹੈ। ਲੈਨਿਨ ਨੇ ਵੀ ਕਿਹਾ ਸੀ ਕਿ ਮਜ਼ਦੂਰ ਜਮਾਤ ਨੂੰ ਸਿਰਫ਼ ਇਹ ਦੱਸ ਦੇਣਾ ਕਿ ਉਨ੍ਹਾਂ ਦੀ ਲੁੱਟ ਹੋ ਰਹੀ ਹੈ ਅਤੇ ਉਨ੍ਹਾਂ ਨਾਲ ਇਨਸਾਫ ਨਹੀਂ ਹੁੰਦਾ ਕੋਈ ਵੱਡੀ ਗੱਲ ਨਹੀਂ ਹੈ। ਦਾਨਿਸ਼ਵਰਾਂ ਅਤੇ ਕਲਾਕਾਰਾਂ ਦਾ ਫਰਜ਼ ਹੈ ਕਿ ਹਾਲਾਤ ਦਾ ਨਿਰਨਾ ਕਰਕੇ ਇਸ ਲੁੱਟ ਨੂੰ ਅਤੇ ਬੇਇਨਸਾਫ਼ੀ ਨੂੰ ਖ਼ਤਮ ਕਰਨ ਦਾ ਰਾਹ ਦੱਸਣ। ਇਸ ਲਈ ਮਾਰਕਸਵਾਦ ਦੀ ਕਸੌਟੀ ਤੇ ਵੀ ਇਹ ਫਿਲਮ ਪੂਰੀ ਨਹੀਂ ਉਤਰੀ।

ਇਹ ਫਿਲਮ ਫਿਰਕੂ ਹਿੰਸਾ ਦਾ ਸਹੀ ਚਿਤਰਣ ਕਰਨ ਦਾ ਅਤੇ  ਲੋਕਾਂ ਨੂੰ ਸੇਧ ਦੇਣ ਦਾ ਇਕ ਬਹੁਤ ਹੀ ਵਧੀਆ ਮੌਕਾ ਹੱਥੋਂ ਗੁਆ ਗਈ ਹੈ। ਹਿੰਦੁਸਤਾਨ ਦੇ ਲੋਕ ਨਵੇਂ ਰਾਹ ਖੋਲ੍ਹਣ ਦੀ ਜੱਦੋ-ਜਹਿਦ ਵਿਚ ਬੜੇ ਸਿਰੜ ਨਾਲ ਜੂਝ ਰਹੇ ਹਨ। ਉਨ੍ਹਾਂ ਦੀ ਇਸ ਜੱਦੋ-ਜਹਿਦ ਵਿਚ `ਅੱਮ੍ਰੂ` ਰਹਿਨੁਮਾ ਤੇ ਕੀ ਹਮਸਫਰ ਵੀ ਨਹੀਂ ਬਣ ਸਕਦੀ। ਫਿਲਮ ਦੇ ਪਹਿਲੇ ਹਿਸੇ ਵਿਚ 1984 ਦੇ ਕਤਲੇਆਮ ਤੋਂ ਦੁਖੀ ਵਿਖਾਏ ਗਏ ਅੱਮ੍ਰੂ ਤੇ ਕਬੀਰ ਫਿਲਮ ਦੇ ਅਖੀਰਲੇ ਦ੍ਰਿਸ਼ ਵਿਚ ਸਿਰਫ਼ ਆਪਣੀ ਦੁਨੀਆ ਵਿਚ ਮਸਤ ਤੁਰਦੇ ਜਾਂਦੇ ਵਿਖਾਏ ਗਏ ਹਨ ਜੋ ਮੁੜ ਕੇ ਵੀ ਨਹੀਂ ਵੇਖਦੇ ਕਿ ਗੁਜਰਾਤ ਵਿਚ ਵੀ ਕਤਲੇਆਮ ਹੋ ਰਿਹਾ ਹੈ। ਉਹ ਦੋ ਨੌਜਵਾਨ ਜੋ ਕਿ 20 ਸਾਲ ਪਹਿਲਾਂ ਹੋਏ ਕਤਲੇਆਮ ਬਾਰੇ ਤਾਂ ਬਹੁਤ ਰੋਹ ਅਤੇ ਸਦਮੇ ਵਿਚ ਦਿਸਦੇ ਹਨ ਪਰ ਜਿਹੜੀ ਫਿਰਕੂ ਹਿੰਸਾ ਅਤੇ ਤਸ਼ੱਦਦ ਉਨ੍ਹਾਂ ਦੇ ਸਾਮ੍ਹਣੇ ਹੋ ਰਹੀ ਹੈ ਉਹਦੇ ਵੱਲ ਵੇਖਦੇ ਵੀ ਨਹੀਂ।

ਫਿਲਮ ਵੇਖਣ ਪਿਛੋਂ ਸਿਨਮੇ ਚੋਂ ਬਾਹਰ ਆਉਂਦਾ ਦਰਸ਼ਕ ਸੋਚਦਾ ਹੈ ਕਿ ਇਹੋ ਜਿਹੀ ਬੇਇਨਸਾਫ਼ੀ ਅਤੇ ਜ਼ੁਲਮ ਸਾਡੇ ਸਮਾਜ ਵਿਚ ਚਿਰਾਂ  ਤੋਂ ਹੋ ਰਿਹਾ ਹੈ ਅਤੇ ਅੱਜ ਵੀ ਜਾਰੀ ਹੈਂ ਅਤੇ ਹਿੰਦੁਸਤਾਨ ਦੀਆਂ ਗਲੀਆਂ ਤੇ ਸੜਕਾਂ ਤੇ ਵੀ ਦਿਸਦੀ ਹੈ। ਪਰ ਕੀ ਕਲਾਕਾਰ ਦਾ ਫਰਜ਼ ਨਹੀਂ ਹੈ ਕਿ ਉਹ ਇਸ ਹਨੇਰੇ ਵਿਚੋਂ ਵੀ ਕਿਸੇ ਚਿਣਗ ਦੀ ਭਾਲ ਕਰੇ ਤਾਂ ਕਿ ਕੂੜ ਦੀ ਕਾਲੀ ਰਾਤ ਖ਼ਤਮ ਕੀਤੀ ਜਾ ਸਕੇ? ਪਰ ਇਹ ਫਿਲਮ ਤਾਂ ਇਹੋ ਜਿਹਾ ਸੁਆਲ ਵੀ ਨਹੀਂ ਉਠਾਉਂਦੀ ਕਿ ਬਿਮਾਰੀ ਦਾ ਇਲਾਜ ਕੀ ਹੈ ਜਾਂ ਕਿਵੇਂ ਲੱਭੀਏ। ਇਹ ਸਿਰਫ਼ ਅੱਧੇ ਸੱਚ ਦਾ ਚਿਤਰਣ ਕਰਦੀ ਹੋਈ ਸਿਰਫ਼ ਏਨਾ ਹੀ ਕਹਿ ਸਕੀ ਕਿ ਫਿਰਕਾਪ੍ਰਸਤੀ, ਫਿਰਕੂ ਦੰਗਿਆਂ ਅਤੇ ਲੋਕਾਂ ਦੇ ਕਤਲੇਆਮ ਦੀ ਇਹ ਲਾਅਨਤ ਸਰਕਾਰ ਅਤੇ ਸਟੇਟ ਦੀ ਪੈਦਾਵਾਰ ਹੈ। ਇਸ ਮਸਲੇ ਦੇ ਹੱਲ ਲਈ ਰੌਸ਼ਨੀ ਦੀ ਜੋ ਕਿਰਨ ਸਮਾਜ ਵਿਚ ਮੌਜੂਦ ਹੈ ਉਹਦੀ ਗੱਲ ਕਰਨ ਵਿਚ ਅਤੇ ਰਾਹ ਵਿਖਾਉਣ ਵਿਚ ਇਹ ਫ਼ਿਲਮ ਅਸਫਲ ਰਹੀ ਹੈ। ਬਿਮਾਰੀ ਦਾ ਇਲਾਜ ਤਾਂ ਮੌਜੂਦ ਹੈ ਪਰ ਇਸ ਇਲਾਜ ਨੂੰ ਇਹ ਫਿਲਮ ਬਿਲਕੁਲ ਅਣਦੇਖਿਆ ਕਰ ਗਈ।

ਅਸਲ ਵਿਚ ਇਹ ਫਿਲਮ ਬਸਤੀਵਾਦੀ ਲਿਬਰਲ-ਯਥਾਰਥਵਾਦ ਦੇ ਕਲਾਂ ਸਿਧਾਂਤ ਦਾ ਪੱਖ ਪੂਰਦੀ ਹੈ ਜਿਸ ਮੁਤਾਬਿਕ ਹਾਲਾਤ ਨੂੰ ਇਕ ਦਕਿਆਨੂਸੀ ਅਤੇ ਤੰਗ ਨਜ਼ਰੀਏ ਨਾਲ ਦਰਸਾਉਣਾ ਹੀ ਕਲਾ ਹੈ। ਲਿਬਰਲ-ਯਥਾਰਥਵਾਦ ਅੱਧੇ ਸੱਚ ਅਤੇ ਪੂਰੇ ਝੂਠ ਦੀ ਹੀ ਵਕਾਲਤ ਕਰਦਾ ਹੈ। ਇਹ ਪੂਰੇ ਸੱਚ ਦਾ ਪੱਖ ਨਹੀਂ ਲੈ ਸਕਦਾ ਕਿਉਂਕਿ ਪੂਰਾ ਸੱਚ ਲਿਬਰਲ ਯਥਾਰਥਵਾਦ ਦੀ ਬੁਨਿਆਦ ਨੂੰ

ਹਿਲਾਉਣ ਅਤੇ ਇਸ ਦੀਆਂ ਜੜਾਂ ਪੁੱਟਣ ਵੱਲ ਤੋਰਦਾ ਹੈ। ਲਿਬਰਲਵਾਦੀ ਸੋਚ ਜ਼ੁਲਮ ਅਤੇ ਤਸ਼ੱਦਦ ਦਾ ਵਿਸਤਾਰ ਪੂਰਵਕ ਅਤੇ ਬਾਰੀਕੀ ਨਾਲ ਜ਼ਿਕਰ ਤਾਂ ਕਰ ਸਕਦੀ ਹੈ ਪਰ ਇਸ ਦੇ ਕਾਰਨਾਂ ਅਤੇ ਇਹਨੂੰ ਖ਼ਤਮ ਕਰਨ ਦਾ ਕੋਈ ਉਪਰਾਲਾ ਕਰਨ ਤੋਂ ਮੁਨਕਰ ਹੈ। ਇਸ ਫਿਲਮ ਦੀ ਸਾਰਿਆਂ ਨਾਲੋਂ ਵੱਡੀ ਇਹੋ ਘਾਟ ਹੈ।

ਜਿਸ ਕਾਂਗਰਸ ਪਾਰਟੀ ਦੀ ਉਸ ਵੇਲੇ ਦੀ ਸਰਕਾਰ ਨੇ ਸਿੱਖਾਂ ਦਾ ਕਤਲੇਆਮ ਜਥੇਬੰਦ ਕੀਤਾ ਸੀ ਉਸੇ ਹੀ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਨੇ ਇਸ ਫਿਲਮ ਨੂੰ ਨੈਸ਼ਨਲ ਅਵਾਰਡ ਦੇ ਕੇ ਸਿੱਖਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਿਆ ਹੈ ਅਤੇ ਉਨ੍ਹਾਂ ਨਾਲ ਇਕ ਕੋਝਾ ਮਖੌਲ ਕੀਤਾ ਹੈ। ਨਾਨਾਵਤੀ ਕਮਿਸ਼ਨ ਦੀ ਹੁਣੇ ਜਿਹੇ ਆਈ ਰਿਪੋਰਟ ਨੇ ਇਨ੍ਹਾਂ ਜ਼ਖ਼ਮਾਂ ਨੂੰ ਹੋਰ ਵੀ ਉਚੇੜਿਆ ਹੈ ਅਤੇ ਇਸ ਕਤਲੇਆਮ ਤੇ ਮਿੱਟੀ ਪਾਈ ਹੈ। ਇਹ ਇਕ ਬਾਰ ਫਿਰ ਸਾਫ ਹੁੰਦਾ ਹੈ ਕਿ ਲੋਕ ਹੀ ਆਪਣੀ ਤਾਕਤ ਨਾਲ ਮੁਜਰਮਾਂ ਨੂੰ ਸਜ਼ਾ ਦੇ ਸਕਦੇ ਹਨ ਅਤੇ ਇਹੋ ਜਿਹੇ ਕਤਲੇਆਮ ਰੋਕ ਸਕਦੇ ਹਨ। ਪਰ ਅੱਮੂ ਨੇ ਇਸ ਸੱਚਾਈ ਤੇ ਪਰਦਾ ਪਿਆ ਰਹਿਣ ਦੇਣਾ ਠੀਕ ਸਮਝਿਆ ਹੈ। ਇਹ ਫਿਲਮਾਂ ਫਿਰਕੂ ਹਿੰਸਾ ਖ਼ਿਲਾਫ਼ ਲੋਕਾਂ ਦੇ ਸੰਘਰਸ਼ ਦੀਆਂ ਖਾੜਕੂ ਰਵਾਇਤਾਂ ਨੂੰ ਨਕਾਰਦੀ ਹੈ ਅਤੇ ਲੋਕਾਂ ਨੂੰ ਜ਼ੁਲਮ ਦੇ ਸ਼ਿਕਾਰ ਹੋ ਕੇ ਭੇਡਾਂ ਬੱਕਰੀਆਂ ਵਾਂਗ ਕਤਲ ਹੁੰਦੇ ਵਿਖਾ ਕੇ ਹੀ ਸੰਤੁਸ਼ਟ ਹੈ। ਇਸ ਕਰਕੇ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਦਿੱਲੀ ਵਿਚ ਆਮ ਸਿੱਖਾਂ ਨੇ ਵੀ ਵੱਡੀ ਗਿਣਤੀ ਵਿਚ ਇਸ ਫਿਲਮ ਨੂੰ ਨਹੀਂ ਦੇਖਿਆ।

ਫਿਲਮ ਦੇਖ ਕੇ ਉਰਦੂ ਦਾ ਇਹ ਸ਼ੇਅਰ ਯਾਦ ਆਉਂਦਾ ਹੈ

***`ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ, ਜੋ ਕਾਟਾ ਤੋ ਬੱਸ ਕਤਰਾ-ਏ-ਖ਼ੂੰਨ ਨਿਕਲਾ`***